# ਖਸਰੇ ਦੇ ਖਿਲਾਫ ਟੀਕਾਕਰਨ ਕਰਵਾਓ!

**ਆਪਣੇ ਬੱਚਿਆਂ, ਪਰਿਵਾਰ ਅਤੇ ਅਜ਼ੀਜ਼ਾਂ ਨੂੰ ਸੁਰੱਖਿਅਤ ਕਰੋ**

## ਖਸਰਾ ਕੀ ਹੁੰਦਾ ਹੈ?

- ਖਸਰਾ **ਵੱਡੀ ਛੂਤ ਦੀ** ਬਿਮਾਰੀ ਹੈ ਜੋ ਗੰਭੀਰ ਹੋ ਸਕਦੀ ਹੈ। ਇਸਦਾ ਇਲਾਜ ਨਹੀਂ ਕੀਤਾ ਜਾ ਸਕਦਾ।
- ਖਸਰਾ **ਤੇਜ਼ੀ ਨਾਲ ਫੈਲਦਾ ਹੈ ਜੇ ਤੁਸੀਂ ਗੱਲ ਕਰਦੇ ਹੋ, ਖੰਘਦੇ ਹੋ ਜਾਂ ਛਿੱਕ ਮਾਰਦੇ ਹੋ।** ਵਿਅਕਤੀ ਜੋ ਬਿਮਾਰ ਹੈ ਉਹ ਵਾਇਰਸ ਨੂੰ **ਆਪਣੇ ਆਲੇ-ਦੁਆਲੇ ਬਿਨਾਂ ਟੀਕਾਕਰਨ ਵਾਲੇ ਲੋਕਾਂ** ਵਿੱਚ ਬੜੇ ਆਰਾਮ ਨਾਲ ਫੈਲਾ ਸਕਦਾ ਹੈ।
- ਲੋਕ ਜਿਹਨਾਂ ਵਿੱਚ ਜਟਿਲਤਾਵਾਂ ਹੋ ਸਕਦੀ ਹਨ ਵਿੱਚ ਸ਼ਾਮਿਲ ਹਨ
  - 12 ਮਹੀਨੇ (1 ਸਾਲ) ਤੋਂ ਛੋਟੇ ਬੱਚੇ;
  - ਗਰਭਵਤੀ ਔਰਤਾਂ ਜਿਹਨਾਂ ਦਾ ਟੀਕਾਕਰਨ ਨਹੀਂ ਹੋਇਆ ਹੁੰਦਾ;
  - ਲੋਕ ਜਿਹਨਾਂ ਦਾ ਇਮਿਊਨ ਸਿਸਟਮ ਕਮਜ਼ੋਰ ਹੁੰਦਾ ਹੈ।
- **ਖਸਰੇ ਦੇ ਲੱਛਣ** ਹਨ: ਬੁਖਾਰ, ਜਲਣ, ਖੰਘ, ਨੱਕ ਦਾ ਵਗਣਾ ਅਤੇ ਲਾਲ ਅੱਖਾਂ।
- ਖਸਰੇ ਦੇ ਕਾਰਨ **ਫੇਫੜੇ ਅਤੇ ਦਿਮਾਗ ਦੀਆਂ ਲਾਗਾਂ, ਅਤੇ ਕਈ ਵਾਰ ਮੌਤ ਵੀ ਹੋ ਸਕਦੀ ਹੈ।**
- **ਟੀਕਾਕਰਨ ਇਸ ਵਾਇਰਸ ਦੇ ਖਿਲਾਫ ਸੱਭ ਤੋਂ ਵਧੀਆ ਸੁਰੱਖਿਆ ਹੈ।**

## ਖਸਰੇ ਦੀ ਵੈਕਸੀਨ

- **ਵੈਕਸੀਨ** Montréal ਵਿੱਚ ਰਹਿੰਦੇ ਲੋਕਾਂ ਲਈ **ਮੁਫਤ ਹੈ।** ਉਹਨਾਂ ਕੋਲ ਸਿਹਤ ਬੀਮਾ ਕਾਰਡ (RAMQ) ਹੋਣ ਦੀ ਲੋੜ ਨਹੀਂ ਹੈ।
- **ਵੈਕਸੀਨ ਪ੍ਰਭਾਵੀ ਹੈ।** 2 ਖੁਰਾਕਾਂ ਦੇ ਬਾਅਦ, ਸੁਰੱਖਿਆ ਦਾ ਪੱਧਰ ਕਰੀਬ 95% ਹੁੰਦਾ ਹੈ। ਇਹ ਸੰਕ੍ਰਮਣ ਦੇ ਜੋਖਮਾਂ ਨੂੰ ਘਟਾਉਂਦੀ ਹੈ।
- **ਵੈਕਸੀਨ ਸੁਰੱਖਿਅਤ ਹੈ।** ਵਧੇਰੇ ਜਾਣਕਾਰੀ ਲਈ, Quebec.ca ਦੇ ਖਸਰਾ, ਮੰਪਸ ਅਤੇ ਰੁਬੈਲਾ ਵੈਕਸੀਨ (MMR) ਪੇਜ ਉੱਤੇ ਜਾਓ

**ਖਸਰੇ ਦੀ ਵੈਕਸੀਨ ਔਟਿਜ਼ਮ ਦਾ ਕਾਰਨ ਨਹੀਂ ਬਣਦੀ।**

**12 ਮਹੀਨਿਆਂ (1 ਸਾਲ) ਤੋਂ ਛੋਟੇ ਬੱਚੇ ਅਤੇ ਗਰਭਵਤੀ ਔਰਤਾਂ ਵੈਕਸੀਨ ਨਹੀਂ ਲਗਵਾ ਸਕਦੇ। ਉਹ ਤਾਂ ਸੁਰੱਖਿਅਤ ਹੋ ਸਕਦੇ ਹਨ ਜਦੋਂ ਪਰਿਵਾਰ ਅਤੇ ਦੋਸਤਾਂ ਦੇ ਵੈਕਸੀਨ ਲੱਗੀ ਹੋਵੇ।**

**ਗੈਰ-ਟੀਕਾਕਰਨ ਵਾਲੀਆਂ ਔਰਤਾਂ ਜੋ ਆਪਣਾ ਦੁੱਧ ਪਿਲਾ ਰਹੀਆਂ ਹਨ ਵੈਕਸੀਨ ਲਗਵਾ ਸਕਦੀਆਂ ਹਨ**

Québec

# ਕੀ ਮੈਂ ਖਸਰੇ ਖਿਲਾਫ ਸੁਰੱਖਿਅਤ ਹਾਂ?

**ਮੇਰਾ ਜਨਮ 1980 ਤੋਂ ਬਾਅਦ ਹੋਇਆ ਸੀ**

- ਮੈਂ 12 ਮਹੀਨਿਆਂ (1 ਸਾਲ) ਦੀ ਉਮਰ ਤੋਂ ਬਾਅਦ ਵੈਕਸੀਨ ਦੀਆਂ 2 ਖੁਰਾਕਾਂ ਲਈਆਂ

**ਮੈਂ ਸੁਰੱਖਿਅਤ ਹਾਂ**

**ਮੇਰਾ ਜਨਮ 1970 ਅਤੇ 1979 ਦੇ ਦਰਮਿਆਨ ਹੋਇਆ ਸੀ**

- ਮੈਨੂੰ ਖਸਰਾ ਹੋਇਆ ਸੀ ਅਤੇ ਮੇਰੇ ਕੋਲ ਸਬੂਤ ਹੈ (ਮੈਡੀਕਲ ਸਰਟੀਫਿਕੇਟ ਜਾਂ ਖੂਨ ਦੀ ਜਾਂਚ)

ਜਾਂ

- ਮੈਂ ਵੈਕਸੀਨ ਦੀ 1 ਖੁਰਾਕ ਪ੍ਰਾਪਤ ਕੀਤੀ ਹੈ (ਜਦੋਂ ਤੱਕ ਕਿ ਯਾਤਰਾ, ਕੰਮ ਨਾ ਕਰਦੇ ਹੋਵੋ ਜਾਂ ਸਿਹਤ ਜਾਂ ਮਿਲਟਰੀ ਇੰਟਰਨਸ਼ਿੱਪ ਨਾ ਕਰਦੇ ਹੋਵੋ)

ਜਾਂ

- ਮੈਂ ਵੈਕਸੀਨ ਦੀਆਂ 2 ਖੁਰਾਕਾਂ ਲਈਆਂ ਹਨ

**ਮੈਂ ਸੁਰੱਖਿਅਤ ਹਾਂ**

**ਮੇਰਾ ਜਨਮ 1970 ਤੋਂ ਪਹਿਲਾਂ ਹੋਇਆ ਸੀ**

**ਮੈਂ ਸੁਰੱਖਿਅਤ ਹਾਂ**

**ਤੁਸੀਂ ਜਾਂ ਤੁਹਾਡੇ ਬੱਚੇ ਨੇ ਕਿਸੇ ਹੋਰ ਦੇਸ਼ ਵਿੱਚ 12 ਮਹੀਨਿਆਂ ਦੀ ਉਮਰ ਤੋਂ ਪਹਿਲਾਂ ਵੈਕਸੀਨ ਦੀ 1ਲੀ ਖੁਰਾਕ ਲਈ ਸੀ।**

ਵੈਕਸੀਨ ਪ੍ਰਭਾਵੀ ਨਹੀਂ ਹੁੰਦੀ ਜੇ ਇਹ 12 ਮਹੀਨਿਆਂ (1 ਸਾਲ) ਤੋਂ ਪਹਿਲਾਂ ਪ੍ਰਾਪਤ ਕੀਤੀ ਗਈ ਹੋਵੇ।

**3ਜੀ ਖੁਰਾਕ ਲੈਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।**

**ਮੈਂ ਟੀਕਾਕਰਨ ਨਹੀਂ ਕਰਵਾਇਆ ਹੈ ਪਰ ਮੈਨੂੰ ਕਿਹਾ ਗਿਆ ਸੀ ਕਿ ਮੈਨੂੰ ਖਸਰਾ ਹੋਇਆ ਸੀ ਜਦੋਂ ਮੈਂ ਛੋਟੀ ਸੀ।**

ਗਲਤੀ ਵਿੱਚ ਹੋਣਾ ਆਸਾਨ ਹੈ ਕਿਉਂਕਿ ਕਈ ਬਿਮਾਰੀਆਂ ਜਲਣ ਦਾ ਕਾਰਨ ਬਣਦੀਆਂ ਹਨ।

**ਟੀਕਾਕਰਨ ਕਰਾਉਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।**

## ਸਿਫਾਰਿਸ਼ਾਂ

**ਕਦਮ 1:**

- ਇਹ ਦੇਖਣ ਲਈ ਆਪਣੀ ਟੀਕਾਕਰਨ ਬੁੱਕਲੈੱਟ ਦੇਖੋ ਕਿ ਕੀ ਤੁਸੀਂ ਅਤੇ ਤੁਹਾਡਾ ਬੱਚਾ ਸੁਰੱਖਿਅਤ ਹੈ।
- ਜਾਂ 1 877 644-4545 (Québec ਸਰਕਾਰ) ਨੂੰ ਕਾਲ ਕਰੋ

**ਕਦਮ 1:**

- ਜੇ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਵੈਕਸੀਨ ਦੀ 1 ਖੁਰਾਕ ਦੀ ਲੋੜ ਹੈ, ਤਾਂ ਮੁਲਾਕਾਤ ਬੁੱਕ ਕਰੋ:

- clicsante.ca ਉੱਤੇ ਜਾਓ
  **ਜਾਂ** Info-Santé (811) ਜਾਂ 1-877-644-4545 ਉੱਤੇ ਕਾਲ ਕਰੋ

**ਜੇ ਤੁਹਾਡੇ ਕੋਲ ਟੀਕਾਕਰਨ ਬਾਰੇ ਕੋਈ ਵੀ ਸਵਾਲ ਹਨ:**

- ਸਿਹਤਸੰਭਾਲ ਪੇਸ਼ੇਵਰ ਨਾਲ ਗੱਲ ਕਰੋ
- ਆਪਣੇ CLSC ਨਾਲ ਗੱਲ ਕਰੋ
- ਵਧੇਰੇ ਜਾਣਕਾਰੀ ਲਈ, Quebec.ca ਦੇ ਖਸਰਾ, ਮੰਪਸ ਅਤੇ ਰੁਬੈਲਾ ਵੈਕਸੀਨ (MMR) ਪੇਜ ਉੱਤੇ ਜਾਓ

## ਕੀ ਹੋਵੇਗਾ ਜੇ ਤੁਹਾਨੂੰ ਖਸਰੇ ਦੇ ਲੱਛਣ ਆਉਂਦੇ ਹੋਣ

ਜੇ ਤੁਹਾਡੇ ਜਾਂ ਤੁਹਾਡੇ ਬੱਚੇ ਨੂੰ ਖਸਰੇ ਦੇ ਲੱਛਣ ਹਨ, ਤਾਂ ਘਰ ਰਹੋ ਅਤੇ Info-Santé (811) ਨੂੰ ਕਾਲ ਕਰੋ।

Québec

Document produced by Direction régionale de santé publique de Montréal – January 2025